ਫਾਰਮ ਇਵੈਲਉਏਸ਼ਨ



ਫਾਰਮ ਇਵੈਲਉਏਸ਼ਨ (ਖੇਤ ਦਾ ਮੁਲਾਂਕਣ) ਕੀ ਹੈ ਅਤੇ ਇਹ ਜ਼ਰੂਰੀ ਕਿਉਂ ਹੈ?

ਫਾਰਮ ਇਵੈਲਉਏਸ਼ਨ ਇਰੀਗੇਟਿਡ ਲੈਂਡਸ ਵੇਸਟ ਡਿਸਚਾਰਜ ਦੀਆਂ ਲੋੜਾਂ ਅਨੁਸਾਰ ਗੱਠਜੋੜ ਦੇ ਸਾਰੇ ਮੈਂਬਰਾਂ (ਉਤਪਾਦਕਾਂ) ਤੋਂ ਲੋੜੀਂਦੀਆਂ ਖੇਤੀ ਯੋਜਨਾਵਾਂ ਵਿਚੋਂ ਇੱਕ ਯੋਜਨਾ ਹੈ। ਖੇਤ ਦੇ ਮੁਲਾਂਕਣ ਦਾ ਮਕਸਦ ਸਤਹੀ ਅਤੇ ਜ਼ਮੀਨੀ ਪਾਣੀ ਨੂੰ ਸੁਰੱਖਿਅਤ ਰੱਖਣ ਲਈ ਸੈਂਟਰਲ ਵੈਲੀ ਦੀ ਸਿੰਜੀ ਗਈ ਧਰਤੀ ਉੱਤੇ ਵਰਤੇ ਜਾ ਰਹੇ ਖੇਤੀਬਾੜੀ ਦੇ ਅਭਿਆਸਾਂ ਦੀ ਇੱਕ ਸੂਚੀ ਬਣਾਉਣਾ ਹੈ, ਅਤੇ ਉਤਪਾਦਕਾਂ ਲਈ ਆਪਣੀ ਜਾਇਦਾਦ ਦਾ ਮੁਲਾਂਕਣ ਕਰਨ ਲਈ ਇੱਕ ਬੁਨਿਆਦੀ ਸੂਚੀ ਹੈ। ਉਤਪਾਦਕ ਪਹਿਲਾਂ ਹੀ ਆਪਣੇ ਕਾਰਜਾਂ ਬਾਰੇ ਜਾਣਦੇ ਹਨ, ਪਰ ਫਾਰਮ ਇਵੈਲਉਏਸ਼ਨ ਪਾਣੀ ਦੀ ਗੁਣਵੱਤਾ ਵੱਲ ਵਧੇਰੇ ਧਿਆਨ ਦੇ ਕੇ ਉਹਨਾਂ ਦੇ ਅਭਿਆਸਾਂ ਦਾ ਮੁਲਾਂਕਣ ਕਰਨ ਵਿੱਚ ਉਹਨਾਂ ਦੀ ਮਦਦ ਕਰ ਸਕਦਾ ਹੈ। ਫਾਰਮ ਇਵੈਲਉਏਸ਼ਨ ਸੈਂਟਰਲ ਵੈਲੀ ਵਾਟਰ ਬੋਰਡ (CVWB) ਨੂੰ ਇਹ ਜਾਇਜ਼ਾ ਲੈਣ ਦੇ ਯੋਗ ਬਣਾਉਂਦਾ ਹੈ ਕਿ ਕੀ ਉਤਪਾਦਕ ਪਾਣੀ ਦੀ ਗੁਣਵੱਤਾ ਨੂੰ ਸੁਰੱਖਿਅਤ ਰੱਖਣ ਲਈ ਜ਼ਰੂਰੀ ਅਭਿਆਸਾਂ ਨੂੰ ਲਾਗੂ ਕਰ ਰਹੇ ਹਨ।

ਗੱਠਜੋੜ ਉਤਪਾਦਕਾਂ ਨੂੰ ਜਾਣਕਾਰੀ ਦਿੰਦੇ ਹਨ ਕਿ ਕੀ ਉਹਨਾਂ ਦੀ ਜ਼ਮੀਨ ਸਤਹੀ ਅਤੇ ਜ਼ਮੀਨੀ ਪਾਣੀ ਲਈ ਉੱਚ ਨਿਰਬਲਤਾ ਵਾਲੇ ਖੇਤਰ ਵਿੱਚ ਹੈ ਜਾਂ ਨਹੀਂ। ਇਹ ਉਤਪਾਦਕਾਂ ਨੂੰ ਤਲਛਟ ਅਤੇ ਖੋਰ ਨੂੰ ਕਾਬੂ ਕਰਨ ਦੀਆਂ ਯੋਜਨਾਵਾਂ ਅਤੇ ਨਾਈਟ੍ਰੋਜਨ ਮੈਨੇਜਮੈਂਟ ਯੋਜਨਾਵਾਂ ਦੇ ਤਸਦੀਕੀਕਰਨ ਅਤੇ ਸੰਖੇਪ ਰਿਪੋਰਟ ਜਮ੍ਹਾਂ ਕਰਨ ਦੀਆਂ ਲੋੜਾਂ ਬਾਰੇ ਜਾਣਕਾਰੀ ਦਿੰਦਾ ਹੈ।

ਧਿਆਨ ਦੇਣ ਯੋਗ ਚਾਰ ਪ੍ਰਮੁੱਖ ਖੇਤਰ

ਭਾਗ ੳ ਪੂਰੇ ਖੇਤ ਦਾ ਮੁਲਾਂਕਣ	ਭਾਗ ਅ ਖ਼ਾਸ ਖੇਤਰ ਦਾ ਮੁਲਾਂਕਣ
ਭਾਗ ੲੀ ਸਿੰਜਣ ਵਾਲੇ ਖੂਹ ਦੀ ਜਾਣਕਾਰੀ	ਭਾਗ ਸ ਤਲਛਟ ਅਤੇ ਖੋਰ ਨੂੰ ਕਾਬੂ ਕਰਨ ਲਈ ਅਭਿਆਸ

ਇਹ ਭਾਗ ਉਤਪਾਦਕਾਂ ਤੋਂ ਹੇਠ ਲਿਖੀਆਂ ਚੀਜ਼ਾਂ ਦੇ ਸੰਬੰਧ ਵਿੱਚ ਪ੍ਰਬੰਧਨ ਦੇ ਅਭਿਆਸ ਅਤੇ ਜਾਣਕਾਰੀ ਇਕੱਤਰ ਕਰਦੇ ਹਨ:

1. ਉਗਾਈਆਂ ਗਈਆਂ ਫਸਲਾਂ ਦੀ ਪਛਾਣ ਅਤੇ ਹਰ ਇੱਕ ਫਸਲ ਦਾ ਸਿੰਜਿਆ ਗਿਆ ਰਕਬਾ
2. ਉਤਪਾਦਕ ਦੇ ਖੇਤ ਦੀ ਭੂਗੋਲਿਕ ਸਥਿਤੀ
3. ਖੇਤ ਉੱਤੇ ਪ੍ਰਬੰਧਨ ਦੇ ਅਭਿਆਸਾਂ ਦੀ ਪਛਾਣ
4. ਪਛਾਣ ਕਰਨਾ ਕਿ ਕੀ ਤੂਫਾਨ ਕਾਰਨ ਅਤੇ/ਜਾਂ ਸਿੰਜਾਈ ਦੇ ਦੌਰਾਨ ਮਿੱਟੀ ਵਿੱਚ ਹਲਚਲ ਹੁੰਦੀ ਹੈ ਅਤੇ ਜੇ ਅਜਿਹਾ ਹੁੰਦਾ ਹੈ, ਤਾਂ ਇਸ ਦੀ ਥਾਂ,
5. ਪਛਾਣ ਕਰਨਾ ਕੀ ਪਾਣੀ ਜਾਇਦਾਦ ਨੂੰ ਛੱਡਦਾ ਹੈ ਅਤੇ ਵਹਿ ਦੇ ਹੇਠਾਂ ਵੱਲ ਜਾਂਦਾ ਹੈ, ਅਤੇ ਜੇ ਅਜਿਹਾ ਹੁੰਦਾ ਹੈ ਤਾਂ ਇਸ ਦੀ ਥਾਂ
6. ਸਿੰਜਣ ਵਾਲੇ ਚਾਲੂ ਅਤੇ ਤਿਆਗੇ ਗਏ ਖੂਹਾਂ ਦੀ ਥਾਂ
7. ਸਰੋਤ ਦੇ ਬਚਾਓ ਅਤੇ ਪਾਣੀ ਵਾਪਸ ਜਾਣ ਤੋਂ ਰੋਕਣ ਲਈ ਅਭਿਆਸ ਅਤੇ ਜੰਤਰ

ਕਿਸ ਨੂੰ ਫਾਰਮ ਇਵੈਲਉਏਸ਼ਨ ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ?

ਸਾਰੇ ਉਤਪਾਦਕਾਂ ਲਈ ਸਾਰੀਆਂ ਦਾਖਲ ਜ਼ਮੀਨਾਂ ਲਈ CVWB ਦੇ ਐਗਜ਼ਿਕਿਊਟਿਵ ਅਫ਼ਸਰ ਦੁਆਰਾ ਮਨਜ਼ੂਰ ਟੈਮਪਲੇਟ ਦੀ ਵਰਤੋਂ ਕਰਕੇ ਫਾਰਮ ਇਵੈਲਉਏਸ਼ਨ ਨੂੰ ਪੂਰਾ ਕਰਨਾ ਜ਼ਰੂਰੀ ਹੁੰਦਾ ਹੈ।

ਫਾਰਮ ਇਵੈਲਉਏਸ਼ਨ ਨੂੰ ਲਾਜ਼ਮੀ ਤੌਰ 'ਤੇ ਉਤਪਾਦਕ ਦੀ ਖੇਤੀਬਾੜੀ ਕਰਨ ਵਾਲੀ ਥਾਂ ਦੇ ਮੁੱਖ ਦਫ਼ਤਰ ਜਾਂ ਵਪਾਰ ਦੀ ਪ੍ਰਮੁੱਖ ਥਾਂ 'ਤੇ ਰੱਖਿਆ ਜਾਣਾ ਚਾਹੀਦਾ ਹੈ ਅਤੇ CVWB ਨੂੰ ਸੰਖੇਪ ਰਿਪੋਰਟਿੰਗ ਲਈ ਗੱਠਜੋੜ ਕੋਲ ਪੇਸ਼ ਕਰਨਾ ਚਾਹੀਦਾ ਹੈ।

ਫਾਰਮ ਇਵੈਲਉਏਸ਼ਨ ਕਦੋਂ ਦੇਣਾ ਹੁੰਦਾ ਹੈ?

ਉਤਪਾਦਕਾਂ ਨੂੰ ਇਵੈਲਉਏਸ਼ਨ ਦੀ ਨਿਯਤ ਮਿਤੀ ਬਾਰੇ ਜਾਣਕਾਰੀ ਲਈ ਉਹਨਾਂ ਦੇ ਗੱਠਜੋੜ(ੜਾਂ) ਨਾਲ ਸੰਪਰਕ ਕਰਨਾ ਚਾਹੀਦਾ ਹੈ।

ਮਨਜ਼ੂਰਸ਼ੁਦਾ ਫਾਰਮ ਇਵੈਲਉਏਸ਼ਨ ਦੇ ਟੈਮਪਲੇਟ ਕਿੱਥੋਂ ਮਿਲਦੇ ਹਨ

http://www.waterboards.ca.gov/centralvalley/ water_issues/irrigated_lands/forms_templates/#ilrpfarmplans

ਨਾਈਟ੍ਰੋਜਨ ਮੈਨੇਜਮੈਂਟ ਪਲਾਨ ਅਤੇ ਨਾਈਟ੍ਰੋਜਨ ਮੈਨੇਜਮੈਂਟ ਯੋਜਨਾ ਸਾਰ ਰਿਪੋਰਟ



ਨਾਈਟਰੋਜਨ ਮੈਨੇਜਮੈਂਟ ਪਲਾਨ (NMP) ਕੀ ਹੈ ਅਤੇ ਇਹ ਕਿਉਂ ਜ਼ਰੂਰੀ ਹੈ?

NMP ਇੱਕ ਫਾਰਮ ਮੈਨੇਜਮੈਂਟ ਪਲਾਨ ਹੈ ਜਿਸ ਨੂੰ ਪਰਮਿਟ ਦੀਆਂ ਲੋੜਾਂ ਅਨੁਸਾਰ ਗੱਠਜੋੜ ਦੇ ਸਾਰੇ ਮੈਂਬਰਾਂ (ਉਤਪਾਦਕਾਂ) ਦੁਆਰਾ ਪੂਰਾ ਕੀਤੇ ਜਾਣ ਦੀ ਲੋੜ ਹੁੰਦੀ ਹੈ। ਜਾਣਕਾਰੀ ਨੂੰ ਫਸਲ ਦੇ ਮੌਸਮ ਤੋਂ ਪਹਿਲਾਂ ਇਕੱਤਰ ਕਰਨ ਅਤੇ ਮੌਸਮ ਦੇ ਅੰਤ ਤੱਕ ਪੂਰੀ ਕਰਨ ਦੀ ਲੋੜ ਹੁੰਦੀ ਹੈ। ਇਸ ਨੂੰ ਲਾਜ਼ਮੀ ਤੌਰ 'ਤੇ ਸਾਈਟ 'ਤੇ ਰੱਖਿਆ ਜਾਣਾ ਚਾਹੀਦਾ ਹੈ ਪਰ ਗੱਠਜੋੜ ਕੋਲ ਜਮ੍ਹਾਂ ਕਰਨ ਦੀ ਲੋੜ ਨਹੀਂ ਹੈ।

NMP ਦਾ ਉਦੇਸ਼ ਵਾਧੂ ਨਾਈਟ੍ਰੋਜਨ ਦੇ ਇਸਤੇਮਾਲ ਨੂੰ ਘਟਾਉਣਾ ਹੈ। ਇਸਦਾ ਉਦੇਸ਼ ਆਉਣ ਵਾਲੇ ਫਸਲ ਦੇ ਮੌਸਮ ਲਈ ਤਿਆਰੀ ਕਰਨ ਵਿੱਚ ਉਤਪਾਦਕਾਂ ਦੀ ਮਦਦ ਕਰਨਾ ਹੈ ਅਤੇ ਇਹ ਫਸਲ ਦੀ ਲੋੜ ਦੇ ਸੰਬੰਧ ਵਿੱਚ ਨਾਈਟ੍ਰੋਜਨ ਦੀ ਵਰਤੋਂ ਦਾ ਮੁਲਾਂਕਣ ਕਰਨ ਵਿੱਚ ਮਦਦ ਕਰਨ ਲਈ ਇੱਕ ਸਾਧਨ ਹੈ।

NMP ਸਾਰ ਰਿਪੋਰਟ ਕੀ ਹੈ ਅਤੇ ਇਹ ਕਿਉਂ ਜ਼ਰੂਰੀ ਹੈ?

NMP ਸਾਰ ਰਿਪੋਰਟ ਵਰਤਮਾਨ ਵਿੱਚ ਜ਼ਮੀਨੀ ਪਾਣੀ ਦੇ ਉਚ ਨਿਰਬਲਤਾ ਵਾਲੇ ਖੇਤਰਾਂ (HVAs) ਦੇ ਉਤਪਾਦਕਾਂ ਵੱਲੋਂ ਪੂਰਾ ਕਰਨਾ ਜ਼ਰੂਰੀ ਹੁੰਦਾ ਹੈ।

ਰਿਪੋਰਟ ਨੂੰ NMP ਤੋਂ ਜਾਣਕਾਰੀ ਦੇ ਨਾਲ ਫਸਲ ਦੇ ਮੌਸਮ ਤੋਂ ਬਾਅਦ ਤਿਆਰ ਕਰਨਾ ਜ਼ਰੂਰੀ ਹੈ, ਅਤੇ ਫਿਰ ਉਤਪਾਦਕਾਂ ਦੇ ਗੱਠਜੋੜ ਨੂੰ ਜਮ੍ਹਾਂ ਕਰਨ ਦੀ ਲੋੜ ਹੁੰਦੀ ਹੈ।

NMP ਸਾਰ ਰਿਪੋਰਟ ਇੱਕ ਸਾਰ ਹੈ ਕਿ ਫਸਲ ਦੇ ਮੌਸਮ ਦੇ ਦੌਰਾਨ ਅਸਲ ਵਿੱਚ ਕੀ ਹੋਇਆ।

ਕਿਸ ਨੂੰ NMP ਅਤੇ NMP ਸਾਰ ਰਿਪੋਰਟ ਪੂਰਾ ਕਰਨ ਦੀ ਲੋੜ ਹੁੰਦੀ ਹੈ?

NMP - ਸਾਰੇ ਉਤਪਾਦਕਾਂ ਨੂੰ ਇੱਕ NMP ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ। ਇਸ ਨੂੰ ਫਸਲ ਦੇ ਮੌਸਮ (ਪੂਰਵ ਅਨੁਮਾਨਿਤ ਹਾਲਾਤਾਂ ਦੇ ਆਧਾਰ 'ਤੇ) ਤੋਂ ਪਹਿਲਾਂ ਤਿਆਰ ਕੀਤਾ ਜਾਣਾ ਚਾਹੀਦਾ ਹੈ ਅਤੇ ਅੰਤ (ਜੋ ਅਸਲ ਵਿੱਚ ਹੋਇਆ ਸੀ ਉਸ ਦੇ ਅਧਾਰ 'ਤੇ) ਤੱਕ ਪੂਰਾ ਕੀਤਾ ਜਾਣਾ ਚਾਹੀਦਾ ਹੈ।

NMP ਸਾਰ ਰਿਪੋਰਟ - ਵਰਤਮਾਨ ਵਿੱਚ, ਸਿਰਫ਼ ਜ਼ਮੀਨੀ HVAs ਦੇ ਉਤਪਾਦਕਾਂ ਨੂੰ ਇੱਕ NMP ਸਾਰ ਰਿਪੋਰਟ ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ। ਰਿਪੋਰਟ ਨੂੰ ਪੂਰੀ ਹੋਈ NMP ਤੋਂ ਜਾਣਕਾਰੀ ਲੈ ਕੇ ਫਸਲ ਦੇ ਮੌਸਮ ਦੇ ਅੰਤ ਹੋਣ ਸਮੇਂ ਪੂਰਾ ਭਰਿਆ ਜਾਣਾ ਚਾਹੀਦਾ ਹੈ ਅਤੇ ਉਤਪਾਦਕ ਦੇ ਗੱਠਜੋੜ(ੜਾਂ) ਕੋਲ ਜਮ੍ਹਾਂ ਕੀਤਾ ਜਾਣਾ ਚਾਹੀਦਾ ਹੈ।

ਉਤਪਾਦਕਾਂ ਨੂੰ ਲਾਜ਼ਮੀ ਤੌਰ 'ਤੇ ਸੈਂਟਰਲ ਵੈਲੀ ਵਾਟਰ ਬੋਰਡ (CVWB) ਦੇ ਐਗਜ਼ਿਕਿਊਟਿਵ ਅਫ਼ਸਰਾਂ ਦੁਆਰਾ ਪ੍ਰਵਾਨਤ NMP ਅਤੇ NMP ਸਾਰ ਰਿਪੋਰਟ ਦੇ ਟੈਮਪਲੇਟਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

NMP ਟੈਮਪਲੇਟ
(ਮੌਸਮ ਦੀ ਭਵਿੱਖਬਾਣੀ ਕਰਦਾ ਹੈ, ਫਿਰ ਮੌਸਮ ਨੂੰ ਦਰਸਾਉਂਦਾ ਹੈ।

NMP ਸਾਰ ਰਿਪੋਰਟ
(ਮੌਸਮ ਦੇ ਨਤੀਜੇ)

ਮਨਜ਼ੂਰਸ਼ੁਦਾ NMP ਅਤੇ NMP ਸਾਰ ਰਿਪੋਰਟ ਦੇ ਟੈਮਪਲੇਟ ਕਿੱਥੋਂ ਪ੍ਰਾਪਤ ਕੀਤੇ ਜਾ ਸਕਦੇ ਹਨ

http://www.waterboards.ca.gov/centralvalley/ water_issues/irrigated_lands/forms_templates/#ilrpnitroplan

NMP ਅਤੇ NMP ਸਾਰ ਰਿਪੋਰਟ ਕਦੋਂ ਦੇਣੀ ਹੁੰਦੀ ਹੈ?



NMP ਨੂੰ ਗੱਠਜੋੜ ਕੋਲ ਜਮ੍ਹਾਂ ਕਰਵਾਉਣ ਦੀ ਲੋੜ ਨਹੀਂ ਹੁੰਦੀ ਪਰ ਉਤਪਾਦਕ ਦੀ ਖੇਤੀਬਾੜੀ ਕਰਨ ਵਾਲੀ ਥਾਂ ਦੇ ਮੁੱਖ ਦਫ਼ਤਰ ਜਾਂ ਵਪਾਰ ਦੀ ਪ੍ਰਮੁੱਖ ਥਾਂ 'ਤੇ ਰੱਖਿਆ ਜਾਂਦਾ ਹੈ। ਇਸ ਨੂੰ ਫਸਲ ਦੇ ਮੌਸਮ ਤੋਂ ਪਹਿਲਾਂ ਤਿਆਰ ਕੀਤਾ ਜਾਂਦਾ ਹੈ ਅਤੇ ਫਿਰ ਫਸਲ ਦੇ ਮੌਸਮ ਦਾ ਅੰਤ ਹੋਣ 'ਤੇ ਪੂਰਾ ਕੀਤਾ ਜਾਂਦਾ ਹੈ। ਜੇਕਰ ਮੰਗਿਆ ਜਾਂਦਾ ਹੈ, ਤਾਂ ਉਤਪਾਦਕ ਨੂੰ NMP ਨੂੰ CVWB ਦੇ ਸਟਾਫ ਨੂੰ ਮੁਹੱਈਆ ਕਰਵਾਉਣਾ ਚਾਹੀਦਾ ਹੈ।

NMP ਸਾਰ ਰਿਪੋਰਟ ਨੂੰ ਫਸਲ ਦੇ ਮੌਸਮ ਤੋਂ ਬਾਅਦ ਤਿਆਰ ਕੀਤਾ ਜਾਂਦਾ ਹੈ ਅਤੇ CVWB ਨੂੰ ਸੰਖੇਪ ਰਿਪੋਰਟਿੰਗ ਲਈ ਢੁਕਵੇਂ ਗੱਠਜੋੜ ਕੋਲ ਪੇਸ਼ ਕਰਨਾ ਜ਼ਰੂਰੀ ਹੈ। ਉਤਪਾਦਕ ਰਿਪੋਰਟ ਲਈ ਨੀਯਤ ਮਿਤੀ ਦੇ ਬਾਰੇ ਆਪਣੇ ਗੱਠਜੋੜ ਨਾਲ ਸੰਪਰਕ ਕਰ ਸਕਦੇ ਹਨ।